# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

(ਸੈਕਟਰ -62 ਪੁੱਡਾ ਭਵਨ, ਐਸ. ਏ. ਐਸ ਨਗਰ)

**(ਰੈਗੂਲੇਟਰੀ ਸ਼ਾਖਾ)**

## ਜਨਤਕ ਸੂਚਨਾ

ਮੈਗਾ ਪ੍ਰਾਜੈਕਟ ਮੈਸ: ਚੰਡੀਗੜ੍ਹ ਉਵਰਸੀਜ਼ ਕੰਪਨੀ ਜੋ ਕਿ ਸੈਕਟਰ-90 ਐਸ.ਏ.ਐਸ.ਨਗਰ ਵਿੱਚ ਹੈ ਦਾ ਨਾਮ ਬਦਲ ਕੇ J.D-90 ਰੱਖਿਆ ਗਿਆ ਜਿਸ ਦੀ ਪ੍ਰਵਾਨਗੀ ਸਬੰਧਤ ਅਥਾਰਿਟੀ ਤੋਂ ਨਹੀਂ ਲਈ ਗਈ। ਕੰਪਨੀ ਕੋਲ ਹਾਲ ਦੀ ਘੜੀ ਵਿੱਚ ਨਾ ਤਾਂ ਸਰਕਾਰ ਦੀ ਕੋਈ ਪ੍ਰਵਾਨਗੀ ਹੈ ਅਤੇ ਨਾ ਹੀ ਵੈਲਿਡ ਐਗਰੀਮੈਂਟ ਅਤੇ ਨਾ ਹੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਵੱਖ-2 ਵਿਭਾਗਾਂ ਵੱਲੋਂ ਲੋੜੀਂਦੇ ਐਨ.ਓ.ਸੀ. ਹਨ।ਅਜਿਹੀ ਸੂਰਤ ਵਿੱਚ ਕੰਪਨੀ ਵੱਲੋਂ ਜੋ ਅਖਬਾਰਾਂ ਵਿੱਚ ਵਿਗਿਆਪਨ ਦੇ ਕੇ ਸੇਲ ਪ੍ਰਚੇਜ਼ ਦਾ ਕੰਮ ਕੀਤਾ ਜਾ ਰਿਹਾ ਹੈ, ਉਹ ਗੈਰ-ਕਾਨੂੰਨੀ ਅਤੇ ਪਾਪੜਾ ਐਕਟ ਦੀ ਉਲੰਘਣਾ ਹੈ। ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਿਲਡਿੰਗ ਨੂੰ ਮਿਤੀ 05-11-16 ਨੂੰ ਯੋਗ ਪ੍ਰਵਾਨਗੀਆਂ/ਸ਼ਰਤਾ ਪੂਰੀਆਂ ਕਰਨ ਤੱਕ ਸੀਲ ਕਰ ਦਿੱਤਾ ਗਿਆ ਹੈ।

ਆਮ ਜਨਤਾ ਨੂੰ ਇਸ ਨੋਟਿਸ ਰਾਹੀਂ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਉਕਤ ਦਰਸਾਈ ਕੰਪਨੀ/ਪ੍ਰਾਜੈਕਟ ਵਿਚ ਕੋਈ ਵੀ ਪਲਾਟ/ਫਲੈਟ/ਕਮਰਸ਼ੀਅਲ ਸਾਈਟ ਆਦਿ ਨਾ ਖਰੀਣ ਅਤੇ ਨਾ ਹੀ ਬੁੱਕ ਕਰਨ ਜਦੋਂ ਤੱਕ ਕੰਪਨੀ ਲੋੜੀਂਦੇ ਐਨ.ਓ.ਸੀ. ਪ੍ਰਾਪਤ ਨਹੀਂ ਕਰ ਲੈਂਦੀ ਅਤੇ ਪੰਜਾਬ ਸਰਕਾਰ ਨਾਲ ਐਗਰੀਮੈਂਟ ਨਹੀਂ ਕਰ ਲੈਂਦੀ।ਜੇਕਰ ਫਿਰ ਵੀ ਕੋਈ ਵਿਅਕਤੀ ਇਸ ਕੰਪਨੀ ਨਾਲ ਸੇਲ ਪ੍ਰਚੇਜ਼ ਐਗਰੀਮੈਂਟ ਕਰਦਾ ਹੈ ਤਾਂ ਇਸ ਸਬੰਧੀ ਹੋਣ ਵਾਲੇ ਨੁਕਸਾਨ ਦੀ ਉਸ ਦੀ ਆਪਣੀ ਨਿੱਜੀ ਜ਼ਿੰਮੇਵਾਰੀ ਹੋਵੇਗੀ ਅਤੇ ਗਮਾਡਾ ਇਸ ਲਈ ਜੁੰਮੇਵਾਰ ਨਹੀਂ ਹੋਵੇਗਾ।

**ਸਮਰੱਥ ਅਧਿਕਾਰੀ ਵਧੀਕ ਮੁੱਖ ਪ੍ਰਸ਼ਾਸਕ,**
**ਗਮਾਡਾ, ਐਸ.ਏ.ਐਸ.ਨਗਰ।**